ਪ੍ਰਕਾਸ਼ਨਾ 152
ਸਤੰਬਰ 2017

# ਸਿਗਰਟ ਅਤੇ ਤੰਬਾਕੂ ਉਤਪਾਦ ਜਾਂਚਾਂ

ਕੈਲੀਫੋਰਨੀਆ ਟੈਕਸ ਅਤੇ
ਫੀਸ ਪ੍ਰਸ਼ਾਸ਼ਨ ਵਿਭਾਗ

## ਤੁਸੀਂ ਮੇਰੇ ਕਾਰੋਬਾਰ ਦੀ ਜਾਂਚ ਕਿਉਂ ਕਰ ਰਹੇ ਹੋ?

ਅਸੀਂ ਤੁਹਾਡੇ ਕਾਰੋਬਾਰ ਦੀ ਇਹ ਦੇਖਣ ਲਈ ਬਕਾਇਦਾ ਜਾਂਚ ਕਰਵਾ ਰਹੇ ਹਾਂ ਕਿ ਕੀ ਤੁਸੀਂ ਪ੍ਰਾਂਤ ਦੇ ਉਹਨਾਂ ਕਨੂੰਨਾਂ ਦੀ ਪਾਲਣਾ ਕਰ ਰਹੇ ਹੋ ਜੋ ਕੈਲੀਫੋਰਨੀਆ ਵਿੱਚ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੀ ਵਿਕਰੀ ਨੂੰ ਕੰਟਰੋਲ ਕਰਦੇ ਹਨ।

## ਤੁਸੀਂ ਕਿਸ ਚੀਜ਼ ਲਈ ਦੇਖ ਰਹੇ ਹੋ?

ਅਸੀਂ ਇਹ ਦੇਖਣ ਲਈ ਜਾਂਚ ਕਰਾਂਗੇ ਕਿ ਕੀ:

- ਤੁਹਾਡੇ ਕੋਲ ਸਿਗਰਟਾਂ ਅਤੇ ਤੰਬਾਕੂ ਉਤਪਾਦ ਵੇਚਣ ਲਈ ਕੈਲੀਫੋਰਨੀਆ ਟੈਕਸ ਅਤੇ ਫੀਸ ਪ੍ਰਸ਼ਾਸ਼ਨ ਵਿਭਾਗ (California Department of Tax and Fee Administration - CDTFA) ਦਾ ਲਾਇਸੰਸ, ਅਤੇ ਕੋਈ ਹੋਰ ਕਾਰੋਬਾਰੀ ਪਰਮਿਟ ਜਾਂ ਲਾਇਸੰਸ ਹਨ ਜੋ ਤੁਹਾਨੂੰ ਹਾਸਲ ਕਰਨ ਦੀ ਲੋੜ ਹੋ ਸਕਦੀ ਹੈ।

  ਨੋਟ: 1 ਜਨਵਰੀ, 2017 ਨੂੰ, ਪ੍ਰਾਂਤ ਦੇ ਕਨੂੰਨ ਨੇ ਪ੍ਰਚੂਨ ਲਾਇਸੰਸ ਦੇਣ ਦੇ ਮਕਸਦਾਂ ਵਾਸਤੇ ਕਿਸੇ ਤੰਬਾਕੂ ਉਤਪਾਦ ਦੀ ਪਰਿਭਾਸ਼ਾ ਦਾ ਵਿਸਥਾਰ ਕਰ ਦਿੱਤਾ ਸੀ, ਤਾਂ ਜੋ ਇਸ ਵਿੱਚ ਕਿਸੇ ਇਲੈਕਟ੍ਰਾਨਿਕ ਤੰਬਾਕੂਨੋਸ਼ੀ ਜਾਂ ਕਸ਼ ਲੈਣ ਵਾਲੀਆਂ ਡੀਵਾਈਸਾਂ ਜਾਂ ਕਿਸੇ ਤੰਬਾਕੂ ਉਤਪਾਦ ਦੇ ਅੰਸ਼, ਪੁਰਜ਼ੇ, ਜਾਂ ਉਪਸਾਧਨ (accessory) ਨੂੰ ਸ਼ਾਮਲ ਕੀਤਾ ਜਾ ਸਕੇ, ਚਾਹੇ ਇਹਨਾਂ ਨੂੰ ਇਕੱਠਿਆਂ ਵੇਚਿਆ ਜਾਂਦਾ ਹੋਵੇ ਜਾਂ ਵੱਖਰੇ ਤੌਰ 'ਤੇ। ਜੇ ਤੁਸੀਂ ਇਹਨਾਂ ਉਤਪਾਦਾਂ ਵਿੱਚੋਂ ਕਿਸੇ ਨੂੰ ਵੀ ਪ੍ਰਚੂਨ ਰੂਪ ਵਿੱਚ ਵੇਚਦੇ ਹੋ, ਤਾਂ ਤੁਹਾਡੇ ਲਈ ਇਹ ਲੋੜੀਂਦਾ ਹੈ ਕਿ ਤੁਹਾਡੇ ਕੋਲ CDTFA ਸਿਗਰਟ ਅਤੇ ਤੰਬਾਕੂ ਪ੍ਰਚੂਨ-ਵਿਕਰੇਤਾ ਲਾਇਸੰਸ ਹੋਵੇ। ਇਸ ਵਿਸ਼ੇ ਬਾਰੇ ਵਧੇਰੇ ਜਾਣਕਾਰੀ ਵਾਸਤੇ CDTFA ਦੀ ਵੈੱਬਸਾਈਟ ਦੇਖੋ।

- ਤੁਸੀਂ ਆਪਣੀਆਂ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਨੂੰ ਕਿਸੇ CDTFA-ਲਾਇਸੰਸਸ਼ੁਦਾ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਡਿਸਟ੍ਰੀਬਿਊਟਰ ਜਾਂ ਥੋਕ ਵਿਕਰੇਤਾ ਤੋਂ ਖਰੀਦਿਆ ਹੈ (ਪ੍ਰਚੂਨ-ਵਿਕਰੇਤਾਵਾਂ ਲਈ ਆਪਸ ਵਿੱਚ ਵਿਕਰੀਆਂ ਦੀ ਮਨਾਹੀ ਹੈ) ਅਤੇ ਤੁਹਾਡੇ ਕੋਲ ਆਪਣੀ ਵਸਤੂ-ਸੂਚੀ (inventory) ਵਾਸਤੇ ਖਰੀਦ ਨੂੰ ਸਾਬਤ ਕਰਦੇ ਬਿੱਲ ਮੌਜੂਦ ਹਨ। ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਬਿੱਲਾਂ ਵਾਸਤੇ ਸਾਰੀਆਂ ਲੋੜਾਂ ਬਾਰੇ ਤਾਜ਼ਾ ਜਾਣਕਾਰੀ ਰੱਖਣ ਲਈ CDTFA ਦੀ ਵੈੱਬਸਾਈਟ ਦੇਖਣਾ ਯਕੀਨੀ ਬਣਾਓ।
- ਤੁਹਾਡੀ ਵਸਤੂ-ਸੂਚੀ ਵਿਚਲੀਆਂ ਸਿਗਰਟਾਂ:
  - ਉੱਤੇ ਕੈਲੀਫੋਰਨੀਆ ਦੀਆਂ ਵੈਧ ਟੈਕਸ ਟਿਕਟਾਂ ਚਿਪਕੀਆਂ ਹੋਈਆਂ ਹਨ,
  - ਵਿੱਚ ਸਵਾਦਯੁਕਤ ਸਿਗਰਟਾਂ (ਮੈਨਥੋਲ ਨੂੰ ਛੋਟ ਹੈ) ਸ਼ਾਮਲ ਨਹੀਂ ਹਨ, ਅਤੇ
  - ਕੈਲੀਫੋਰਨੀਆ ਤੰਬਾਕੂ ਡਾਇਰੈਕਟਰੀ ਉੱਤੇ ਕੈਲੀਫੋਰਨੀਆ ਵਿੱਚ ਵੇਚੇ ਜਾਣ ਲਈ ਕਨੂੰਨੀ ਤੌਰ 'ਤੇ ਵੈਧ ਵਜੋਂ ਸੂਚੀਬੱਧ ਹਨ ('ਰੋਲ-ਯੂਅਰ-ਔਨ-ਤੰਬਾਕੂ' ਵੀ ਲਾਜ਼ਮੀ ਤੌਰ 'ਤੇ ਤੰਬਾਕੂ ਡਾਇਰੈਕਟਰੀ ਉੱਤੇ ਸੂਚੀਬੱਧ ਹੋਣਾ ਚਾਹੀਦਾ ਹੈ)।
- ਤੁਹਾਡੀ ਵਸਤੂ-ਸੂਚੀ ਵਿਚਲੇ ਸਿਗਰਟ ਪੈਕ ਕੈਲੀਫੋਰਨੀਆ ਦੀਆਂ "ਘੱਟ ਭਖਣ ਦੀ ਪ੍ਰਵਿਰਤੀ" (low ignition propensity) ਸਬੰਧੀ ਅੱਗ ਤੋਂ ਸੁਰੱਖਿਆ ਲੋੜਾਂ ਦੀ ਤਾਮੀਲ ਕਰਦੇ ਹਨ।
- ਤੁਹਾਡੇ ਹੋਰ ਤੰਬਾਕੂ ਉਤਪਾਦਾਂ ਉੱਤੇ ਕੈਲੀਫੋਰਨੀਆ ਆਬਕਾਰੀ ਟੈਕਸ ਅਦਾ ਕੀਤਾ ਗਿਆ ਸੀ।




- ਤੁਹਾਡਾ STAKE ਐਕਟ ਸਾਈਨ-ਬੋਰਡ ਹਰੇਕ ਕੈਸ਼ ਰਜਿਸਟਰ ਦੇ ਕੋਲ ਅਤੇ ਵਿਕਰੀ ਦੇ ਹੋਰ ਪੁਆਇੰਟਾਂ ਕੋਲ ਪ੍ਰਦਰਸ਼ਿਤ ਕੀਤਾ ਹੋਇਆ ਹੈ।

ਇਹ ਜਾਂਚਾਂ ਪ੍ਰਾਂਤ ਦੇ ਕਨੂੰਨਾਂ ਦੁਆਰਾ ਅਧਿਕਾਰਿਤ ਹਨ ਜਿੰਨ੍ਹਾਂ ਨੂੰ ਕੈਲੀਫੋਰਨੀਆ ਸਿਗਰੇਟ ਐਂਡ ਟੋਬਾਕੋ ਪ੍ਰੋਡੱਕਟਸ ਲਾਇਸੈਂਸਿੰਗ ਐਕਟ ਆਫ 2003 (ਕੈਲੀਫੋਰਨੀਆ ਬਿਜਨਸ ਐਂਡ ਪ੍ਰੋਫੈਸ਼ਨਜ਼ ਕੋਡ ਦੀ ਡਿਵੀਜ਼ਨ 8.6), ਸਿਗਰੇਟ ਐਂਡ ਟੋਬਾਕੋ ਪ੍ਰੋਡੱਕਟਸ ਟੈਕਸ ਲਾਅ (ਪਾਰਟ 13, ਰੈਵੇਨਿਊ ਐਂਡ ਟੈਕਸੇਸ਼ਨ ਕੋਡ ਦੀ ਡਿਵੀਜ਼ਨ 2), ਕੈਲੀਫੋਰਨੀਆ ਸਿਗਰੇਟ ਫਾਇਰ ਸੇਫਟੀ ਐਂਡ ਫਾਇਰਫਾਈਟਰ ਪ੍ਰੋਟੈਕਸ਼ਨ ਐਕਟ (ਕੈਲੀਫੋਰਨੀਆ ਹੈਲਥ ਐਂਡ ਸੇਫਟੀ ਕੋਡ ਦੀ ਡਿਵੀਜ਼ਨ 12), ਅਤੇ ਸਟੌਪ ਟੋਬਾਕੋ ਐਕਸੈੱਸ ਟੂ ਕਿਡਜ਼ ਇਨਫੋਰਸਮੈਂਟ ਐਕਟ (ਕੈਲੀਫੋਰਨੀਆ ਬਿਜਨਸ ਐਂਡ ਪ੍ਰੋਫੈਸ਼ਨਜ਼ ਕੋਡ ਦੀ ਡਿਵੀਜ਼ਨ 8.5) ਵਜੋਂ ਜਾਣਿਆ ਜਾਂਦਾ ਹੈ।

## ਜਾਂਚ ਦੇ ਦੌਰਾਨ ਕੀ ਵਾਪਰੇਗਾ?

ਸਾਡੇ ਇੰਸਪੈਕਟਰ ਤੁਹਾਡੇ ਕਾਰੋਬਾਰ ਵਿੱਚ ਦਾਖਲ ਹੋਣਗੇ, ਤੁਹਾਨੂੰ ਜਾਂ ਤੁਹਾਡੇ ਕਰਮਚਾਰੀਆਂ ਨੂੰ ਆਪਣੀ ਪਛਾਣ ਦੱਸਣਗੇ, ਅਤੇ ਆਪਣੀ CDTFA ਸ਼ਨਾਖਤ ਦਿਖਾਉਣਗੇ। ਉਹ ਤੁਹਾਨੂੰ ਇਹ ਕਰਨ ਲਈ ਕਹਿਣਗੇ:

- ਉਹਨਾਂ ਨੂੰ ਆਪਣੀ ਨਿੱਜੀ ਸ਼ਨਾਖਤ ਦਿਖਾਉਣਾ।
- ਉਹਨਾਂ ਨੂੰ ਤੁਹਾਡੀ ਸਮੁੱਚੀ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਵਸਤੂ-ਸੂਚੀ ਦਿਖਾਉਣਾ।
- ਪਿਛਲੇ 12 ਮਹੀਨਿਆਂ ਵਾਸਤੇ ਤੁਹਾਡੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਖਰੀਦ ਅਤੇ ਵਿਕਰੀ ਦੇ ਬਿੱਲ (ਜਾਂ ਰਜਿਸਟਰ ਟੇਪਾਂ) ਮੁਹੱਈਆ ਕਰਵਾਉਣਾ, ਜਿੰਨ੍ਹਾਂ ਨੂੰ ਤੁਹਾਡੇ ਕਾਰੋਬਾਰ ਦੇ ਟਿਕਾਣੇ 'ਤੇ ਰੱਖੇ ਜਾਣ ਦੀ ਲੋੜ ਹੁੰਦੀ ਹੈ।
- ਇਹ ਪਛਾਣ ਕਰਨਾ ਕਿ ਤੁਹਾਡੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਖਰੀਦ ਅਤੇ ਵਿਕਰੀ ਦੇ ਬਿੱਲ (ਜਾਂ ਰਜਿਸਟਰ ਟੇਪਾਂ) ਕਿੱਥੇ ਸਥਿਤ ਹਨ। ਇਹਨਾਂ ਰਿਕਾਰਡਾਂ ਨੂੰ ਚਾਰ ਸਾਲਾਂ ਵਾਸਤੇ ਰੱਖੇ ਜਾਣ ਦੀ ਲੋੜ ਹੁੰਦੀ ਹੈ।

ਇੰਸਪੈਕਟਰ ਤੁਹਾਡੇ ਕਾਰੋਬਾਰ ਦੇ ਟਿਕਾਣੇ ਵਿਖੇ ਅਤੇ ਕਿਸੇ ਹੋਰ ਇਮਾਰਤਾਂ ਜਾਂ ਸਟੋਰੇਜ ਕੰਟੇਨਰਾਂ ਵਰਗੀ ਕਿਸੇ ਹੋਰ ਥਾਂ ਵਿੱਚ, ਜਿੱਥੇ ਤੁਸੀਂ ਵਧੀਕ ਉਤਪਾਦ ਰੱਖ ਸਕਦੇ ਹੋ, ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੀ ਜਾਂਚ ਕਰਨਗੇ। ਉਹ ਇਲੈਕਟ੍ਰਾਨਿਕ ਤਰੀਕੇ ਨਾਲ ਤੁਹਾਡੀ ਵਸਤੂ-ਸੂਚੀ ਵਿਚਲੀਆਂ ਸਿਗਰਟਾਂ ਉੱਤੇ ਟੈਕਸ ਟਿਕਟਾਂ ਨੂੰ ਸਕੈਨ ਕਰਨਗੇ ਅਤੇ ਇਹ ਦੇਖਣ ਲਈ ਤੁਹਾਡੇ ਖਰੀਦ ਅਤੇ ਵਿਕਰੀ ਬਿੱਲਾਂ ਦੀ ਸਮੀਖਿਆ ਕਰਨਗੇ ਕਿ ਕੀ ਉਹ ਬਿੱਲ ਤੁਹਾਡੀ ਵਸਤੂ-ਸੂਚੀ ਨਾਲ ਮੇਲ ਖਾਂਦੇ ਹਨ।

ਤੁਹਾਨੂੰ ਪ੍ਰਕਾਸ਼ਨਾ 78, *ਕੈਲੀਫੋਰਨੀਆ ਵਿੱਚ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੀਆਂ ਵਿਕਰੀਆਂ*, ਦੀ ਇੱਕ ਕਾਪੀ ਦਿੱਤੀ ਜਾਵੇਗੀ ਜੋ ਇਸ ਪ੍ਰੋਗਰਾਮ ਬਾਰੇ ਵਧੀਕ ਜਾਣਕਾਰੀ ਪ੍ਰਦਾਨ ਕਰਾਉਂਦੀ ਹੈ।

## ਜੇ ਇੰਸਪੈਕਟਰਾਂ ਨੂੰ ਅਜਿਹੇ ਉਤਪਾਦ ਮਿਲਦੇ ਹਨ ਜਿੰਨ੍ਹਾਂ ਨੂੰ ਮੈਂ ਕਨੂੰਨੀ ਤੌਰ 'ਤੇ ਵੇਚ ਨਹੀਂ ਸਕਦਾ ਤਾਂ ਕੀ ਵਾਪਰਦਾ ਹੈ?

ਇੰਸਪੈਕਟਰ ਉਹਨਾਂ ਨੂੰ ਮਿਲੇ ਕਿਸੇ ਵੀ ਟੈਕਸ ਅਦਾ ਨਾ ਕੀਤੇ, ਨਕਲੀ, ਜਾਂ ਕਿਸੇ ਹੋਰ ਤਰ੍ਹਾਂ ਨਾਲ ਗੈਰਕਨੂੰਨੀ ਸਿਗਰਟ ਜਾਂ ਤੰਬਾਕੂ ਉਤਪਾਦਾਂ ਨੂੰ ਜ਼ਬਤ ਕਰ ਸਕਦੇ ਹਨ। ਉਹ ਇਹ ਚੀਜ਼ਾਂ ਕਰਨਗੇ:

- ਜ਼ਬਤੀ ਵਾਸਤੇ ਕਾਰਨ ਦੱਸਣਗੇ,
- ਜ਼ਬਤ ਕੀਤੇ ਗਏ ਉਤਪਾਦਾਂ ਦੀ ਸੂਚੀ ਵਾਲੀ ਇੱਕ ਵਿਸਤਰਿਤ ਰਸੀਦ ਤੁਹਾਨੂੰ ਦੇਣਗੇ,
- ਤੁਹਾਨੂੰ ਆਪਣੀ ਸੰਪਰਕ ਜਾਣਕਾਰੀ ਮੁਹੱਈਆ ਕਰਵਾਉਣਗੇ, ਅਤੇ ਹੋ ਸਕਦਾ ਹੈ
- ਤੁਹਾਨੂੰ ਇੱਕ ਉਲੇਖ-ਪੱਤਰ (citation) ਵੀ ਜਾਰੀ ਕਰ ਦੇਣ।

ਕੋਈ ਵੀ ਸਿਗਰਟ ਬ੍ਰਾਂਡ ਜਾਂ ਰੋਲ-ਯੂਅਰ-ਔਨ (RYO) ਤੰਬਾਕੂ ਉਤਪਾਦ ਜੋ ਅਟਾਰਨੀ ਜਨਰਲ ਦੀ ਕੈਲੀਫੋਰਨੀਆ ਤੰਬਾਕੂ ਡਾਇਰੈਕਟਰੀ ਵਿੱਚ ਸੂਚੀਬੱਧ ਨਹੀਂ ਹਨ, ਜ਼ਬਤ ਕੀਤੇ ਜਾ ਸਕਦੇ ਹਨ। ਪ੍ਰਚੂਨ-ਵਿਕਰੇਤਾਵਾਂ ਅਤੇ ਥੋਕ ਵਿਕਰੇਤਾਵਾਂ ਨੂੰ CDFTA ਵੱਲੋਂ ਲਾਇਸੰਸਸ਼ੁਦਾ ਡਿਸਟ੍ਰੀਬਿਊਟਰਾਂ ਕੋਲੋਂ ਸਿਗਰਟਾਂ ਅਤੇ RYO ਤੰਬਾਕੂ ਖਰੀਦਣ ਤੋਂ ਪਹਿਲਾਂ ਹਮੇਸ਼ਾਂ ਤੰਬਾਕੂ ਡਾਇਰੈਕਟਰੀ ਨੂੰ ਦੇਖ ਲੈਣਾ ਚਾਹੀਦਾ ਹੈ। ਕੈਲੀਫੋਰਨੀਆ ਤੰਬਾਕੂ ਡਾਇਰੈਕਟਰੀ ਵੈੱਬਸਾਈਟ ਏਥੇ ਸਥਿਤ ਹੈ: *www.oag.ca.gov/tobacco/directory*.

ਨੋਟ: ਜਦੋਂ ਸਿਗਰਟਾਂ ਜਾਂ RYO ਤੰਬਾਕੂ ਨੂੰ ਤੰਬਾਕੂ ਡਾਇਰੈਕਟਰੀ ਵਿੱਚੋਂ ਕੱਢ ਦਿੱਤਾ ਜਾਂਦਾ ਹੈ, ਤਾਂ ਪ੍ਰਚੂਨ ਵਿਕਰੇਤਾਵਾਂ ਨੂੰ ਟੈਕਸ-ਟਿਕਟਾਂ ਲੱਗੀਆਂ ਸਿਗਰਟਾਂ ਜਾਂ RYO ਤੰਬਾਕੂ ਨੂੰ ਸੂਚੀ ਵਿੱਚੋਂ ਕੱਢੇ ਜਾਣ ਦੀ ਪ੍ਰਭਾਵੀ ਮਿਤੀ ਤੋਂ ਲੈਕੇ 60 ਦਿਨਾਂ ਤੱਕ ਇਹਨਾਂ ਨੂੰ ਰੱਖਣ, ਇਹਨਾਂ ਦੀ ਢੋਆ-ਢੁਆਈ ਕਰਨ, ਅਤੇ ਵੇਚਣ ਦੀ ਇਜਾਜ਼ਤ ਹੁੰਦੀ ਹੈ।

## ਕੀ ਮੈਂ ਜ਼ਬਤ ਕੀਤੇ ਗਏ ਉਤਪਾਦ ਵਾਪਸ ਲੈ ਸਕਦਾ ਹਾਂ?

ਤੁਹਾਨੂੰ ਆਪਣੇ ਉਤਪਾਦ ਵਾਪਸ ਕੀਤੇ ਜਾਣ ਦੀ ਮੰਗ ਕਰਨ ਦਾ ਅਧਿਕਾਰ ਹੈ। ਜੇ ਸਾਡੇ ਇੰਸਪੈਕਟਰ ਜਾਂਚ ਦੌਰਾਨ ਕਿਸੇ ਉਤਪਾਦਾਂ ਨੂੰ ਜ਼ਬਤ ਕਰਦੇ ਹਨ, ਤਾਂ ਅਸੀਂ ਤੁਹਾਨੂੰ ਡਾਕ ਰਾਹੀਂ ਇੱਕ ਨੋਟਿਸ ਭੇਜਾਂਗੇ ਜੋ ਉਤਪਾਦਾਂ ਦੀ ਸੂਚੀ ਦੇਵੇਗਾ ਅਤੇ ਉਹਨਾਂ ਦੀ ਜ਼ਬਤੀ ਨੂੰ ਚੁਣੌਤੀ ਦੇਣ ਦੇ ਤੁਹਾਡੇ ਅਧਿਕਾਰ ਦਾ ਵਰਣਨ ਕਰੇਗਾ। ਅਸੀਂ ਨੋਟਿਸ ਦੇ ਨਾਲ ਇੱਕ *Verified Petition for Release or Recovery of Property* ਫਾਰਮ ਵੀ ਦੇਵਾਂਗੇ।

ਪ੍ਰਾਂਤ ਦੇ ਕਨੂੰਨ ਤਹਿਤ, ਜ਼ਬਤ ਕੀਤੀਆਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਕੇਵਲ ਤਾਂ ਹੀ ਵਾਪਸ ਕੀਤਾ ਜਾ ਸਕਦਾ ਹੈ ਜੇ ਅਸੀਂ ਉਹਨਾਂ ਨੂੰ ਗਲਤੀ ਨਾਲ ਜਾਂ ਗੈਰਕਨੂੰਨੀ ਤਰੀਕੇ ਨਾਲ ਜ਼ਬਤ ਕੀਤਾ ਸੀ। ਆਪਣੇ ਉਤਪਾਦਾਂ ਦੀ ਵਾਪਸੀ ਦੀ ਮੰਗ ਕਰਨ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਇੱਕ ਭਰਿਆ ਹੋਇਆ ਪਟੀਸ਼ਨ ਫਾਰਮ ਸੌਂਪਣਾ ਚਾਹੀਦਾ ਹੈ ਅਤੇ ਇਹ ਵਰਣਨ ਕਰਨਾ ਚਾਹੀਦਾ ਹੈ ਕਿ ਜ਼ਬਤੀ ਗਲਤ ਜਾਂ ਗੈਰਕਨੂੰਨੀ ਕਿਉਂ ਸੀ। ਅਸੀਂ ਤੁਹਾਡੀ ਪਟੀਸ਼ਨ ਦਾ ਜਵਾਬ ਲਿਖਤੀ ਰੂਪ ਵਿੱਚ ਦੇਵਾਂਗੇ।

## ਜੇ ਮੈਨੂੰ ਕੋਈ ਉਲੇਖ-ਪੱਤਰ (citation) ਪ੍ਰਾਪਤ ਹੁੰਦਾ ਹੈ ਤਾਂ ਕੀ ਵਾਪਰਦਾ ਹੈ?

ਜੇ ਤੁਹਾਨੂੰ ਕੋਈ ਸਿਵਲ ਉਲੇਖ-ਪੱਤਰ ਪ੍ਰਾਪਤ ਹੁੰਦਾ ਹੈ, ਤਾਂ ਤੁਸੀਂ CDTFA ਕੋਲੋਂ ਡਾਕ ਰਾਹੀਂ *Notice of Violation* ਪ੍ਰਾਪਤ ਕਰੋਂਗੇ। ਇਹ ਨੋਟਿਸ ਉਸ ਵਿਸ਼ੇਸ਼ ਉਲੰਘਣਾ(ਵਾਂ), ਜਿੰਨ੍ਹਾਂ ਵਾਸਤੇ ਤੁਹਾਨੂੰ ਉਲੇਖ-ਪੱਤਰ ਜਾਰੀ ਕੀਤਾ ਗਿਆ ਹੈ, ਕਿਸੇ ਸਿਵਲ ਦੰਡਾਂ ਜਾਂ ਸਿੱਟਿਆਂ, ਅਤੇ ਤੁਹਾਡੇ ਅਪੀਲ ਦੇ ਅਧਿਕਾਰਾਂ ਦਾ ਵਰਣਨ ਕਰੇਗਾ।

ਜੇ ਤੁਹਾਨੂੰ ਕੋਈ ਅਪਰਾਧਕ ਉਲੇਖ-ਪੱਤਰ ਜਾਰੀ ਕੀਤਾ ਜਾਂਦਾ ਹੈ, ਤਾਂ ਤੁਹਾਡੇ ਵਾਸਤੇ ਉਲੇਖ-ਪੱਤਰ ਵਿੱਚ ਨੋਟ ਕੀਤੇ ਅਨੁਸਾਰ ਅਦਾਲਤ ਵਿੱਚ ਹਾਜ਼ਰ ਹੋਣਾ ਲਾਜ਼ਮੀ ਹੈ ਅਤੇ ਤੁਹਾਨੂੰ ਅਪਰਾਧਕ ਕਾਰਵਾਈਆਂ ਦੇ ਸਬੰਧ ਵਿੱਚ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵੱਲੋਂ ਨੋਟਿਸ ਵੀ ਪ੍ਰਾਪਤ ਹੋ ਸਕਦਾ ਹੈ। ਜੇ ਤੁਸੀਂ ਅਦਾਲਤ ਵਿੱਚ ਹਾਜ਼ਰ ਹੋਣ ਵਿੱਚ ਅਸਫਲ ਰਹਿੰਦੇ ਹੋ, ਤਾਂ ਤੁਹਾਡੇ ਖਿਲਾਫ ਇੱਕ ਬੈਂਚ ਵਰੰਟ ਜਾਰੀ ਕੀਤਾ ਜਾਵੇਗਾ ਅਤੇ ਤੁਹਾਡੇ ਸਿਗਰਟ ਅਤੇ ਤੰਬਾਕੂ ਲਾਇਸੰਸ ਨੂੰ ਸਥਗਿਤ ਜਾਂ ਰੱਦ ਕੀਤਾ ਜਾ ਸਕਦਾ ਹੈ ਅਤੇ ਜੁਰਮਾਨੇ ਲਗਾਏ ਜਾ ਸਕਦੇ ਹਨ।

ਸਿਗਰਟ ਐਂਡ ਟੋਬਾਕੋ ਪ੍ਰੋਡੱਕਟਸ ਲਾਇਸੈਂਸਿੰਗ ਐਕਟ ਅਦਾਲਤਾਂ ਵੱਲੋਂ ਲਗਾਏ ਜਾ ਸਕਦੇ ਕਿਸੇ ਹੋਰ ਅਪਰਾਧਕ ਜੁਰਮਾਨਿਆਂ ਤੋਂ ਇਲਾਵਾ CDTFA ਵੱਲੋਂ ਸਿਵਲ ਜੁਰਮਾਨੇ ਲਗਾਏ ਜਾਣ ਦੀ ਵਿਵਸਥਾ ਵੀ ਕਰਦਾ ਹੈ (ਦੇਖੋ ਪ੍ਰਕਾਸ਼ਨਾ 161, *Criminal Citations Include a Civil Administrative Process*)। ਜਦ ਅਦਾਲਤ ਤੁਹਾਡੇ ਅਪਰਾਧਕ ਉਲੇਖ-ਪੱਤਰ ਉੱਤੇ ਫੈਸਲਾ ਸੁਣਾ ਦਿੰਦੀ ਹੈ, ਤਾਂ ਤੁਸੀਂ CDTFA ਕੋਲੋਂ ਡਾਕ ਰਾਹੀਂ ਇੱਕ *Notice of Violation* ਪ੍ਰਾਪਤ ਕਰੋਂਗੇ ਜੋ ਤੁਹਾਡੀਆਂ ਸਾਰੀਆਂ ਉਲੰਘਣਾਵਾਂ ਦੀ ਸੂਚੀ ਦੇਵੇਗਾ, ਤੁਹਾਡੇ ਅਪੀਲ ਦੇ ਅਧਿਕਾਰਾਂ ਦਾ ਵਰਣਨ ਕਰੇਗਾ, ਅਤੇ ਤੁਹਾਨੂੰ ਹੋਰ ਸਬੰਧਿਤ ਜਾਣਕਾਰੀ ਵੀ ਮੁਹੱਈਆ ਕਰੇਗਾ।

## ਜੇ ਮੇਰਾ ਲਾਇਸੰਸ ਸਥਗਿਤ ਜਾਂ ਰੱਦ ਕਰ ਦਿੱਤਾ ਜਾਂਦਾ ਹੈ ਤਾਂ ਕੀ ਵਾਪਰਦਾ ਹੈ?

ਸਥਗਿਤੀ ਜਾਂ ਮਨਸੂਖੀ ਦੀ ਮਿਆਦ ਦੌਰਾਨ, ਤੁਹਾਨੂੰ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀ ਵਿਕਰੀ ਦਾ ਪ੍ਰਚਾਰ ਕਰਨ, ਵੇਚਣ, ਜਾਂ ਤੋਹਫ਼ੇ ਵਜੋਂ ਦੇਣ ਦੀ ਮਨਾਹੀ ਕੀਤੀ ਜਾਂਦੀ ਹੈ। ਸਥਗਿਤੀ ਜਾਂ ਮਨਸੂਖੀ ਦਾ ਨੋਟਿਸ (Notice of Suspension or Revocation) ਪ੍ਰਾਪਤ ਕਰਨ ਦੇ ਬਾਅਦ ਵੀ ਵਿਕਰੀ ਦਾ ਡਿਸਪਲੇ ਬੋਰਡ ਲਗਾਈ ਰੱਖਣ ਲਈ ਹਰੇਕ ਵਾਰ ਜੁਰਮ ਕਰਨ ਵਾਸਤੇ $1,000 ਦਾ ਸਿਵਲ ਜੁਰਮਾਨਾ ਲਗਾਇਆ ਜਾਵੇਗਾ। ਸਥਗਿਤੀ ਜਾਂ ਮਨਸੂਖੀ ਦੀ ਪ੍ਰਭਾਵੀ ਮਿਤੀ ਦੇ ਬਾਅਦ ਵੀ ਵਿਕਰੀਆਂ ਕਰਨਾ ਜਾਂ ਤੋਹਫ਼ੇ ਵਜੋਂ ਵੰਡਣਾ ਜਾਰੀ ਰੱਖਣਾ ਇੱਕ ਬਦਤਮੀਜ਼ੀ ਹੈ ਅਤੇ ਇਸਦਾ ਸਿੱਟਾ ਇਹ ਹੋਵੇਗਾ ਕਿ ਤੁਹਾਡੇ ਕਬਜ਼ੇ ਵਿਚਲੀਆਂ ਸਾਰੀਆਂ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਨੂੰ ਪਕੜਕੇ ਜ਼ਬਤ ਕਰ ਲਿਆ ਜਾਵੇਗਾ।

CDTFA ਵੱਲੋਂ ਡਾਕ ਰਾਹੀਂ ਭੇਜੇ ਗਏ ਸਥਗਿਤੀ ਜਾਂ ਮਨਸੂਖੀ ਦੇ ਨੋਟਿਸ ਦੇ ਨਾਲ, ਪ੍ਰਚੂਨ-ਵਿਕਰੇਤਾਵਾਂ ਨੂੰ ਇੱਕ ਅਜਿਹਾ ਚਿੰਨ੍ਹ (sign) ਵੀ ਪ੍ਰਾਪਤ ਹੋਵੇਗਾ ਜਿਸਨੂੰ ਹਰੇਕ ਜਨਤਕ ਪ੍ਰਵੇਸ਼-ਦੁਆਰ, ਹਰੇਕ ਕੈਸ਼ ਰਜਿਸਟਰ ਕੋਲ ਅਤੇ ਉਸ ਸਥਾਨ ਵਿੱਚ ਵਿਕਰੀ ਦੇ ਹੋਰ ਪੁਆਇੰਟਾਂ 'ਤੇ ਪੋਸਟ ਕਰਨਾ ਲਾਜ਼ਮੀ ਹੈ, ਇਹ ਸਥਗਿਤੀ ਅਤੇ ਮਨਸੂਖੀ ਦੇ ਅਧੀਨ ਹੋਵੇਗਾ। ਨੋਟਿਸ ਉੱਤੇ ਦਰਸਾਈ ਸਮੁੱਚੀ ਮਿਆਦ ਲਈ, ਲੋੜ ਅਨੁਸਾਰ ਇਸ ਚਿੰਨ੍ਹ ਨੂੰ ਪੋਸਟ ਕਰਨ ਵਿੱਚ ਅਸਫਲ ਰਹਿਣ ਦਾ ਨਤੀਜਾ ਹਰ ਵਾਰ ਜੁਰਮ ਕਰਨ ਵਾਸਤੇ $1,000 ਦੇ ਜੁਰਮਾਨੇ ਦੇ ਰੂਪ ਵਿੱਚ ਨਿਕਲੇਗਾ।

## ਕੀ ਮੇਰੇ ਕੋਲ ਇਸ ਜਾਂਚ ਨਾਲ ਸਬੰਧਿਤ ਕੋਈ ਅਧਿਕਾਰ ਹਨ?

ਹਾਂ, ਕੈਲੀਫੋਰਨੀਆ ਦੇ ਇੱਕ ਟੈਕਸਦਾਤਾ ਵਜੋਂ ਤੁਹਾਡੇ ਵਿਸ਼ੇਸ਼ ਕਨੂੰਨੀ ਅਧਿਕਾਰ ਹਨ। ਸਾਡੇ ਕਰਮਚਾਰੀਆਂ ਵਾਸਤੇ ਉਹਨਾਂ ਅਧਿਕਾਰਾਂ ਦਾ ਆਦਰ ਕਰਨਾ ਅਤੇ ਰੱਖਿਆ ਕਰਨਾ ਲਾਜ਼ਮੀ ਹੈ। ਜਿਵੇਂ ਕਿ ਪ੍ਰਕਾਸ਼ਨਾ 70, *ਆਪਣੇ ਅਧਿਕਾਰਾਂ ਨੂੰ ਸਮਝਣਾ*, ਵਿੱਚ ਦੱਸਿਆ ਗਿਆ ਹੈ, ਤੁਹਾਨੂੰ ਨਿਮਨਲਿਖਤ ਚੀਜ਼ਾਂ ਦਾ ਅਧਿਕਾਰ ਹੈ:

- ਸ਼ਿਸ਼ਟ ਅਤੇ ਝਟਪਟ ਸੇਵਾ,
- ਵਾਜਬ ਵਿਵਹਾਰ,
- ਗੁਪਤਤਾ,
- ਜਾਣਕਾਰੀ ਅਤੇ ਸਹਾਇਤਾ, ਅਤੇ
- ਕਿਸੇ ਮੁਲਾਂਕਣ ਖਿਲਾਫ ਅਪੀਲ ਕਰਨਾ।

## ਜੇ ਜਾਂਚ ਬਾਰੇ ਜਾਂ ਇੰਸਪੈਕਟਰ ਦੇ ਵਿਵਹਾਰ ਬਾਰੇ ਮੈਨੂੰ ਕੋਈ ਸ਼ੰਕੇ ਹਨ ਤਾਂ ਕੀ ਮੈਂ ਕੋਈ ਸ਼ਿਕਾਇਤ ਦਾਇਰ ਕਰ ਸਕਦਾ ਹਾਂ?

ਹਾਂ। ਜੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਕੋਈ ਇੰਸਪੈਕਟਰ ਗੈਰ-ਜ਼ੁੰਮੇਵਰਾਨਾ ਸੀ ਜਾਂ ਉਸਨੇ ਤੁਹਾਡੇ ਅਧਿਕਾਰਾਂ ਦੀ ਉਲੰਘਣਾ ਕੀਤੀ ਸੀ, ਤਾਂ ਤੁਸੀਂ ਨਿਮਨਲਿਖਤ ਤਰੀਕਿਆਂ ਨਾਲ ਸ਼ਿਕਾਇਤ ਦਾਇਰ ਕਰ ਸਕਦੇ ਹੋ:

- ਜਾਂਚਾਂ ਦੀ ਡਿਵੀਜ਼ਨ ਨੂੰ ਇਸ ਨੰਬਰ 'ਤੇ ਕਾਲ ਕਰਨਾ:
  1-916-324-0105
- ਇਸ ਵੈੱਬਸਾਈਟ 'ਤੇ ਔਨਲਾਈਨ ਸ਼ਿਕਾਇਤ ਦਾਇਰ ਕਰਨਾ:
  *www.cdtfa.ca.gov/legal/icomplaint.htm*
- ਇਸ ਪਤੇ 'ਤੇ ਪੱਤਰ ਲਿਖਣ ਦੁਆਰਾ:
  Investigations Division, MIC:42
  California Department of Tax and Fee Administration PO Box 942879
  Sacramento, CA 94279-0042

ਆਪਣੇ ਸ਼ੰਕਿਆਂ ਬਾਰੇ ਸੰਪੂਰਨ ਰੂਪ ਵਿੱਚ ਵਰਣਨ ਕਰਨਾ ਯਕੀਨੀ ਬਣਾਓ।

ਤੁਹਾਡੀ ਸ਼ਿਕਾਇਤ ਨਾਲ 'ਜਾਂਚਾਂ ਲਈ ਡਿਵੀਜ਼ਨ' ਦੇ ਸੁਪਰਵਾਈਜ਼ਰ ਜਾਂ ਮੈਨੇਜਰ ਦੁਆਰਾ ਨਿਪਟਿਆ ਜਾਵੇਗਾ, ਜੋ ਤੁਹਾਡੇ ਨਾਲ ਸੰਪਰਕ ਕਰੇਗਾ। ਜੇ ਸੁਪਰਵਾਈਜ਼ਰ ਜਾਂ ਮੈਨੇਜਰ ਕੋਲੋਂ ਤੁਹਾਡੀ ਸਮੱਸਿਆ ਹੱਲ ਨਹੀਂ ਹੁੰਦੀ ਜਾਂ ਜੇ ਤੁਸੀਂ ਇਹ ਤਰਜੀਹ ਦਿੰਦੇ ਹੋ ਕਿ ਤੁਹਾਡੀ ਸ਼ਿਕਾਇਤ ਦਾ ਨਿਪਟਾਰਾ ਡਿਵੀਜ਼ਨ ਤੋਂ ਬਾਹਰ ਹੋਵੇ, ਤਾਂ ਤੁਸੀਂ CDTFA ਟੈਕਸਪੇਅਰਜ਼' ਰਾਈਟਸ ਐਡਵੋਕੇਟ ਆਫਿਸ ਨਾਲ ਸੰਪਰਕ ਕਰ ਸਕਦੇ ਹੋ।

## ਟੈਕਸਪੇਅਰਜ਼' ਰਾਈਟਸ ਐਡਵੋਕੇਟ ਆਫਿਸ

ਟੈਕਸਪੇਅਰਜ਼' ਰਾਈਟਸ ਐਡਵੋਕੇਟ ਆਫਿਸ ਉਸ ਸਮੇਂ ਟੈਕਸਦਾਤਾਵਾਂ ਦੀ ਮਦਦ ਕਰਦਾ ਹੈ ਜਦ ਉਹ ਸਾਧਾਰਨ ਚੈਨਲਾਂ ਰਾਹੀਂ ਕਿਸੇ ਮਾਮਲੇ ਨੂੰ ਸੁਲਝਾਉਣ ਦੇ ਯੋਗ ਨਹੀਂ ਹੁੰਦੇ, ਜਦ ਉਹ ਕਿਸੇ ਵਿਸ਼ੇਸ਼ ਪ੍ਰਸਥਿਤੀ ਨਾਲ ਸਬੰਧਿਤ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਚਾਹੁੰਦੇ ਹਨ, ਜਾਂ ਜਦ ਉਹਨਾਂ ਦੇ ਅਧਿਕਾਰਾਂ ਦੀ ਉਲੰਘਣਾ ਹੁੰਦੀ ਨਜ਼ਰ ਆਉਂਦੀ ਹੈ। ਤੁਸੀਂ ਇਸ ਦਫਤਰ ਨੂੰ ਟੋਲ-ਫ੍ਰੀ 1-888-324-2798 'ਤੇ ਕਾਲ ਕਰ ਸਕਦੇ ਹੋ ਜਾਂ *www.cdtfa.ca.gov/info/emailtra.htm ਰਾਹੀਂ ਉਹਨਾਂ ਨਾਲ ਸੰਪਰਕ ਕਰੋ।* ਦਫਤਰ ਸੁਤੰਤਰ ਰੂਪ ਵਿੱਚ ਤੁਹਾਡੀ ਜਾਂਚ ਸਬੰਧੀ ਸ਼ਿਕਾਇਤ ਦੀ ਜਾਂਚ ਕਰੇਗਾ ਅਤੇ ਜਵਾਬ ਦੇਵੇਗਾ।

## ਵਧੇਰੇ ਜਾਣਕਾਰੀ ਵਾਸਤੇ

ਜੇ ਜਾਂਚ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਤੁਸੀਂ 'ਜਾਂਚਾਂ ਦੀ ਡਿਵੀਜ਼ਨ' ਨੂੰ 1-916-324-0105 'ਤੇ ਸੰਪਰਕ ਕਰ ਸਕਦੇ ਹੋ। ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਲਾਇਸੰਸਾਂ ਦੇ ਸਬੰਧ ਵਿੱਚ ਵਧੇਰੇ ਜਾਣਕਾਰੀ ਵਾਸਤੇ, ਗਾਹਕ ਸੇਵਾ ਕੇਂਦਰ ਨੂੰ 1-800-400-7115 'ਤੇ ਕਾਲ ਕਰੋ; 'ਵਿਸ਼ੇਸ਼ ਟੈਕਸ ਅਤੇ ਫੀਸਾਂ' ਦੇ ਵਿਕਲਪ ਦੀ ਚੋਣ ਕਰੋ।

CDTFA ਆਪਣੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਲਾਇਸੰਸ ਪ੍ਰੋਗਰਾਮ ਸਬੰਧੀ ਇੱਕ ਮੁਫ਼ਤ ਕਲਾਸ ਦੀ ਵੀ ਪੇਸ਼ਕਸ਼ ਕਰਦਾ ਹੈ। ਇਹ ਕਲਾਸ ਲਾਇਸੰਸ ਦੀਆਂ ਲੋੜਾਂ, ਕਨੂੰਨ ਵਿੱਚ ਹੋਈਆਂ ਹਾਲੀਆਂ ਤਬਦੀਲੀਆਂ, ਜਾਂਚ ਦੀ ਪ੍ਰਕਿਰਿਆ, ਰਿਕਾਰਡਾਂ ਦੀ ਸਾਂਭ-ਸੰਭਾਲ, ਜੁਰਮਾਨੇ ਲਗਾਉਣ, ਅਤੇ ਹੋਰ ਕਈ ਚੀਜ਼ਾਂ ਨੂੰ ਕਵਰ ਕਰਦੀ ਹੈ। ਕਲਾਸ ਦੀ ਸਮਾਂ-ਸਾਰਣੀ ਦੇਖਣ ਲਈ CDTFA ਦੀ ਵੈੱਬਸਾਈਟ 'ਤੇ "Helpful Tax Seminars" ਲਿੰਕ 'ਤੇ ਕਲਿੱਕ ਕਰੋ ਜਾਂ ਫਿਰ 1-916-322-8536 'ਤੇ ਕਾਲ ਕਰੋ।

ਨਿਮਨਲਿਖਤ ਸਬੰਧਿਤ ਪ੍ਰਕਾਸ਼ਨਾਵਾਂ ਸਾਡੀ ਵੈੱਬਸਾਈਟ, *www.cdtfa.ca.gov*ਤੋਂ ਜਾਂ ਸਾਡੇ ਗਾਹਕ ਸੇਵਾ ਕੇਂਦਰ ਨੂੰ 1-800-400-7115 (TTY:711) 'ਤੇ ਕਾਲ ਕਰਕੇ ਉਪਲਬਧ ਹੋ ਸਕਦੀਆਂ ਹਨ। ਇਹਨਾਂ ਵਿੱਚੋਂ ਕੁਝ ਪ੍ਰਕਾਸ਼ਨਾਵਾਂ ਨਿਮਨਲਿਖਤ ਭਾਸ਼ਾਵਾਂ ਵਿੱਚ ਵੀ ਉਪਬਲਧ ਹਨ: ਅਰਬੀ, ਚੀਨੀ, ਕੋਰੀਆਈ, ਪੰਜਾਬੀ, ਸਪੈਨਿਸ਼, ਤਗਾਲੋਗ, ਥਾਈ, ਅਤੇ ਵੀਅਤਨਾਮੀ।

63 *Cigarette Distributor Licensing and Tax Stamp Guide (ਸਿਗਰਟ ਡ੍ਰਿਸਟੀਬਿਊਟਰ ਲਈ ਲਾਇਸੰਸ ਲੈਣ ਅਤੇ ਟੈਕਸ ਟਿਕਟ ਸਬੰਧੀ ਗਾਈਡ)*

70 *Understanding Your Rights as a California Taxpayer (ਇੱਕ ਕੈਲੀਫੋਰਨੀਆ ਟੈਕਸਦਾਤਾ ਵਜੋਂ ਆਪਣੇ ਅਧਿਕਾਰਾਂ ਨੂੰ ਸਮਝਣਾ)*

78 *Sales of Cigarettes and Tobacco Products in California—License Requirements for Retailers (ਕੈਲੀਫੋਰਨੀਆ ਵਿੱਚ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੀਆਂ ਵਿਕਰੀਆਂ – ਪ੍ਰਚੂਨ ਵਿਕਰੇਤਾਵਾਂ ਲਈ ਲਾਇਸੰਸ ਸਬੰਧੀ ਲੋੜਾਂ)*

93 *Cigarette and Tobacco Products Taxes (ਸਿਗਰਟ ਅਤੇ ਤੰਬਾਕੂ ਉਤਪਾਦਾਂ ਉੱਤੇ ਟੈਕਸ)*

152 *Cigarette and Tobacco Product Inspections (ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀਆਂ ਜਾਂਚਾਂ)*

161 *Criminal Citations Include a Civil Administrative Process (ਅਪਰਾਧਕ ਉਲੇਖ-ਪੱਤਰਾਂ ਵਿੱਚ ਇੱਕ ਸਿਵਲ ਪ੍ਰਸ਼ਾਸ਼ਕੀ ਪ੍ਰਕਿਰਿਆ ਸ਼ਾਮਲ ਹੁੰਦੀ ਹੈ)*

403 *California Counterfeit-Resistant Cigarette Tax Stamp (ਕੈਲੀਫੋਰਨੀਆ ਨਕਲ-ਪ੍ਰਤੀਰੋਧੀ ਸਿਗਰਟ ਟੈਕਸ ਟਿਕਟ)*

407 *Master Settlement Agreement (ਪ੍ਰਮੁੱਖ ਨਿਪਟਾਰਾ ਇਕਰਾਰਨਾਮਾ)*

429 *Flavored Cigarettes Banned in the United States (ਸਵਾਦਯੁਕਤ ਸਿਗਰਟਾਂ ਜੋ ਸੰਯੁਕਤ ਰਾਜ ਵਿੱਚ ਬੈਨ ਹਨ)*

473 *Cigarette and Tobacco Products Retailers: Things to Know Before You Buy Products (ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਪ੍ਰਚੂਨ-ਵਿਕਰੇਤਾ: ਤੁਹਾਡੇ ਵੱਲੋਂ ਉਤਪਾਦਾਂ ਨੂੰ ਖਰੀਦਣ ਤੋਂ ਪਹਿਲਾਂ ਜਾਣਨ ਵਾਲੀਆਂ ਚੀਜ਼ਾਂ)*

## ਟੈਕਸ ਚੋਰੀ ਸਾਨੂੰ ਸਾਰਿਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ...

ਟੈਕਸ ਚੋਰੀ ਦੇ ਸ਼ੱਕ ਦੀ ਰਿਪੋਰਟ ਕਰਨ ਲਈ, ਸਾਡੀ ਟੈਕਸ ਚੋਰੀ ਸਬੰਧੀ ਹੌਟਲਾਈਨ ਨੂੰ 1-888-334-3300 ’ਤੇ ਜਾਂ ‘ਜਾਂਚਾਂ ਲਈ ਡਿਵੀਜ਼ਨ’ ਨੂੰ 1-916-324-0105 ’ਤੇ ਕਾਲ ਕਰੋ।